# ਬੱਚਿਆਂ ਦੀ ਬੋਲੀ ਸਿੱਖਣ ਵਿੱਚ ਮਦਦ ਕਰਨਾ

ਬੱਚੇ ਬੋਲੀ ਉਦੋਂ ਸਿੱਖਦੇ ਹਨ ਜਦੋਂ ਉਹ ਲੋਕਾਂ ਨੂੰ ਗੱਲਾਂ ਕਰਦਿਆਂ ਸੁਣਦੇ ਹਨ ਅਤੇ ਉਹ ਉਹਨਾਂ ਲੋਕਾਂ ਨਾਲ ਗੱਲਾਂ ਕਰਦੇ ਹਨ ਜਿਹੜੇ ਉਹਨਾ ਦੇ ਨੇੜੇ ਹੁੰਦੇ ਹਨ। ਅਜੇਹੇ ਲੋਕਾਂ ਵਿੱਚ ਉਹਨਾਂ ਦੇ ਮਾਪੇ, ਭਰਾ ਅਤੇ ਭੈਣਾਂ, ਪਰਿਵਾਰ ਦੇ ਹੋਰ ਜੀਅ, ਦੋਸਤ ਅਤੇ ਸੰਭਾਲ ਕਰਨ ਵਾਲੇ ਆਉਂਦੇ ਹਨ। ਖੋਜੀ ਦੱਸਦੇ ਹਨ ਕਿ ਜੇ ਬੱਚੇ ਆਪਣੀ ਪਹਿਲੀ ਭਾਸ਼ਾ ਚੰਗੀ ਤਰਾਂ ਜਾਣਦੇ ਹੋਣ ਤਾਂ, ਉਹ ਦੂਜੀ ਭਾਸ਼ਾ ਵਧੇਰੇ ਅਸਾਨੀ ਨਾਲ ਸਿੱਖ ਜਾਂਦੇ ਹਨ। ਹੇਠ ਦਿੱਤੇ ਤਰੀਕਿਆਂ ਨਾਲ ਬੱਚਿਆਂ ਨੂੰ ਆਪਣੀ ਪਹਿਲੀ ਭਾਸ਼ਾ ਅਤੇ ਹੋਰ ਦੂਜੀਆਂ ਭਾਸ਼ਾਵਾਂ ਸਿੱਖਣ ਵਿੱਚ ਮੱਦਦ ਮਿਲੇਗੀ.

## ਤੁਸੀਂ ਬੋਲੀ ਸਿੱਖਣ ਵਿੱਚ ਬੱਚਿਆਂ ਦੀ ਕਿਵੇਂ ਸਹਾਇਤਾ ਕਰ ਸਕਦੇ ਹੋ

### ਸੁਣੋ

ਬੱਚਿਆਂ ਦੀ ਗੱਲ ਸੁਣਨਾ ਬਹੁਤ ਮਹੱਤਵਪੂਰਣ ਹੈ। ਉਹਨਾਂ ਲਈ ਗੱਲਾਂ ਕਰਨ ਦਾ ਅਭਿਆਸ ਕਰਨਾ ਜ਼ਰੂਰੀ ਹੈ। ਜਦੋਂ ਤੁਸੀਂ ਉਹਨਾਂ ਨੂੰ ਸੁਣਦੇ ਹੋ ਤਾਂ ਬੱਚਿਆਂ ਨੂੰ ਪਤਾ ਚੱਲਦਾ ਹੈ, ਕਿ ਉਹਨਾਂ ਦੀਆਂ ਗੱਲਾਂ ਹੋਰਨਾਂ ਨੂੰ ਪਸੰਦ ਹਨ।

### ਸੌਖੇ ਸ਼ਬਦ ਵਰਤੋ

ਛੋਟੇ ਬੱਚੇ ਪਹਿਲਾਂ ਚੀਜ਼ਾਂ ਦੇ ਨਾਂ ਅਤੇ ਕੰਮ ਨਾਲ ਸਬੰਧਤ ਸ਼ਬਦ ਸਿੱਖਦੇ ਹਨ। ਉਹਨਾਂ ਨਾਲ ਆਪਣੇ ਘਰ ਅਤੇ ਗੁਆਂਢ ਦੀਆਂ ਚੀਜ਼ਾਂ ਬਾਰੇ ਗੱਲਾਂ ਕਰੋ।

### ਇੱਕ ਮੌਕੇ ਇੱਕ ਹੀ ਗੱਲ ਸਿਖਾਓ

ਬੋਲੀ ਹੌਲੀ ਹੌਲੀ ਸਿੱਖੀ ਜਾਂਦੀ ਹੈ। ਤੁਹਾਨੂੰ ਨਵੇਂ ਸ਼ਬਦ ਵਾਰ ਵਾਰ ਦੁਹਰਾਉਣੇ ਪੈ ਸਕਦੇ ਹਨ। ਕਈ ਵਾਰ ਬੱਚੇ ਇੱਕ ਸ਼ਬਦ ਨੂੰ 50 ਵਾਰ ਸੁਣਨ ਤੋਂ ਬਾਅਦ ਹੀ ਉਸਦੀ ਵਰਤੋਂ ਕਰਨੀ ਸਿਖਣਗੇ।

### ਬਹੁਤ ਘੱਟ ਬੋਲਣ ਵਾਲੇ ਬੱਚਿਆਂ ਨਾਲ ਵਧੇਰੇ ਸਮਾਂ ਗੁਜ਼ਾਰੋ

ਜੇਕਰ ਤੁਸੀਂ ਬੱਚਿਆਂ ਨਾਲ ਥੋੜ੍ਹਾ ਚਿਰ, ਭਾਵੇਂ ਕੁੱਝ ਮਿੰਟ ਹੀ ਸਹੀ, ਚੁੱਪ ਚਾਪ ਬੈਠੋ ਤਾਂ ਉਹ ਵਧੇਰੇ ਗੱਲਾਂ ਕਰਨਗੇ।

### ਬੋਲਣ ਦੀ ਲੋੜ ਮਹਿਸੂਸ ਕਰਾਓ

ਜੇਕਰ ਬੱਚਿਆਂ ਨੂੰ ਆਪਣੀ ਲੋੜ ਦੀ ਚੀਜ਼ ਸਿਰਫ ਇਸ਼ਾਰਾ ਕਰਨ ਨਾਲ ਮਿਲ ਸਕਦੀ ਹੈ ਤਾਂ ਉਹਨਾਂ ਨੂੰ ਬੋਲਣ ਦੀ ਲੋੜ ਮਹਿਸੂਸ ਨਹੀਂ ਹੋਵੇਗੀ। ਬੱਚਿਆਂ ਨੂੰ ਇਸ ਗੱਲ ਲਈ ਹੱਲਾਸ਼ੇਰੀ ਦੇਵੋ ਕਿ ਉਹ ਆਪਣੀ ਲੋੜ ਨੂੰ ਬੋਲ ਕੇ ਦੱਸਣ।

### ਆਪਣੇ ਕੰਮ-ਕਾਜ ਬਾਰੇ ਗੱਲਾਂ ਕਰੋ

ਬੱਚਿਆਂ ਨੂੰ ਆਪਣੇ ਰੋਜ਼ ਦੇ ਕੰਮ-ਕਾਜ ਬਾਰੇ ਦੱਸੋ। ਉਦਾਹਰਣ ਦੇ ਤੌਰ ਤੇ, "ਮੈਂ ਸੂਪ ਨੂੰ ਹਿਲਾ ਰਿਹਾ ਹਾਂ ਤਾਂ ਜੋ ਸੂਪ ਸੜ ਨਾ ਜਾਵੇ।" ਜਾਂ "ਤੁਸੀਂ ਗੇਂਦ ਸੁੱਟ ਰਹੇ ਹੋ।" ਇਸ ਤਰਾਂ ਕਰਨ ਨਾਲ ਬੱਚੇ ਨਵੇਂ ਸ਼ਬਦ ਸਿਖਣਗੇ ਅਤੇ ਉਹਨਾਂ ਦੇ ਅਰਥਾਂ ਨੂੰ ਸਮਝਣਗੇ।


Produced by Westcoast Child Care Resource Centre, www.wstcoast.org
This project is made possible through funding from the Government of Canada and the Province of British Columbia.

### ਬੱਚਿਆਂ ਦੀਆਂ ਕਹੀਆਂ ਗੱਲਾਂ ਵਿੱਚ ਵਾਧਾ ਕਰੋ

ਬੱਚਿਆਂ ਨੂੰ ਦਿਖਾਓ ਕਿ ਤੁਸੀਂ ਉਹਨਾਂ ਦੀਆਂ ਗੱਲਾਂ ਦਾ ਮਤਲਬ ਸਮਝਦੇ ਹੋ। ਉਦਾਹਰਣ ਦੇ ਤੌਰ ਤੇ ਜੇ ਬੱਚਾ ਇਹ ਕਹੇ ਕਿ "ਡੈਡੀ ਜਾਓ" ਤਾਂ ਤੁਹਾਡਾ ਜਵਾਬ ਹੋ ਸਕਦਾ ਹੈ, "ਹਾਂ, ਡੈਡੀ ਸਟੋਰ ਨੂੰ ਚੱਲਿਆ ਹੈ।" ਇਸ ਤਰਾਂ ਬੱਚੇ ਨੂੰ ਨਵੀਂ ਜਾਣਕਾਰੀ ਅਤੇ ਨਵੇਂ ਅਰਥਾਂ ਬਾਰੇ ਪਤਾ ਲੱਗਦਾ ਹੈ। ਜੇਕਰ ਕੋਈ ਵੱਡਾ ਬੱਚਾ ਇਹ ਕਹੇ "ਮੈਂ ਸਟੋਰ ਨੂੰ ਜਾਇਆ ਸੀ" ("I goed to the store") ਤਾਂ ਤੁਹਾਡਾ ਜਵਾਬ ਹੋ ਸਕਦਾ ਹੈ, "ਹਾਂ, ਤੂੰ ਸਟੋਰ ਨੂੰ ਗਿਆ ਸੀ"।

### ਗੀਤ ਗਾਓ

ਬੋਲੀ ਦੀ ਵਰਤੋਂ ਦਾ ਇੱਕ ਹੋਰ ਤਰੀਕਾ ਹੈ ਗੀਤ ਗਾਉਣਾ, ਕਹਾਣੀਆਂ ਸੁਣਾਉਣੀਆਂ ਅਤੇ ਦੁਨੀਆਂ ਬਾਰੇ ਜਾਣਨਾ।

### ਬੱਚਿਆਂ ਨੂੰ ਸਵਾਲ ਪੁੱਛੋ

ਹੋਰ ਲੋਕਾਂ ਨਾਲ ਗੱਲ ਕਰਨੀ ਸਿੱਖਣ ਵਿੱਚ ਬੱਚਿਆਂ ਦੀ ਮੱਦਦ ਕਰੋ। ਉਹਨਾਂ ਦੀਆਂ ਭਾਵਨਾਵਾਂ ਅਤੇ ਵਿਚਾਰਾਂ ਬਾਰੇ ਸਵਾਲ ਪੁੱਛੋ। ਉਦਾਹਰਣ ਦੇ ਤੌਰ ਤੇ "ਤੁਸੀਂ ਕੀ ਸੋਚਦੇ ਹੋ ਕਿ ਅੱਗੇ ਕੀ ਹੋਵੇਗਾ?" ਜਾਂ "ਤੁਸੀਂ ਇਸ ਤਰਾਂ ਕਿਉਂ ਸੋਚਦੇ ਹੋ" ਜਾਂ "ਤੁਸੀਂ ਇਸ ਬਾਰੇ ਕਿਵੇਂ ਮਹਿਸੂਸ ਕਰਦੇ ਹੋ?"

### ਬੱਚਿਆਂ ਨੂੰ ਕਹਾਣੀਆਂ ਪੜ੍ਹ ਕੇ ਸੁਣਾਓ

ਬੱਚਿਆਂ ਨੂੰ ਅਕਸਰ ਪੜ੍ਹ ਕੇ ਸੁਣਾਓ। ਕਹਾਣੀਆਂ ਸੁਣਨ ਨਾਲ ਬੱਚੇ ਬੋਲੀ ਸਿਖਦੇ ਹਨ ਅਤੇ ਉਹਨਾਂ ਨੂੰ ਇਹ ਵੀ ਪਤਾ ਲੱਗਦਾ ਹੈ ਕਿ ਕਿਵੇਂ ਪੜ੍ਹਨਾ ਹੈ।

### ਕਹਾਣੀਆਂ ਸੁਣਾਓ

ਬੱਚਿਆਂ ਨੂੰ ਉਹ ਕਹਾਣੀਆਂ ਸੁਣਾਓ ਜਿਹੜੀਆਂ ਤੁਹਾਨੂੰ ਛੋਟੇ ਹੁੰਦੇ ਪਸੰਦ ਸਨ। ਕਹਾਣੀਆਂ ਸੁਣਨ ਨਾਲ ਬੱਚਿਆਂ ਨੂੰ ਆਪਣੇ ਸੱਭਿਆਚਾਰਕ ਪਿਛੋਕੜ ਬਾਰੇ ਪਤਾ ਲੱਗਦਾ ਹੈ। ਬੱਚਿਆਂ ਨੂੰ ਕਹਾਣੀਆਂ ਸੁਣਾਉਣ ਲਈ ਵੀ ਉਤਸ਼ਾਹਿਤ ਕਰੋ।

### ਟੀ ਵੀ ਦੇਖਣਾ ਘੱਟ ਕਰੋ

ਬੱਚਿਆਂ ਲਈ ਬੋਲੀ ਸਿੱਖਣ ਦਾ ਇੱਕ ਹੋਰ ਢੰਗ ਹੈ ਟੀ ਵੀ ਦੇਖਣਾ। ਪਰ ਬੱਚਿਆਂ ਲਈ ਇਹ ਵੀ ਜ਼ਰੂਰੀ ਹੈ ਕਿ ਉਹ ਹੋਰ ਲੋਕਾਂ ਨਾਲ ਗੱਲਾਂ ਕਰਨ ਤਾਂ ਜੋ ਉਹ ਬੋਲੀ ਦੀ ਵਰਤੋਂ ਬਾਰੇ ਸਿੱਖ ਸਕਣ।



This project is made possible through funding from the Government of Canada and the Province of British Columbia.